Government of **Western Australia**
Department of **Mines, Industry Regulation and Safety**

**WorkSafe**
Western Australia

ਜਾਣਕਾਰੀ ਸ਼ੀਟ

# ਸਵੈ-ਸੇਵੀ ਸੰਸਥਾਵਾਂ

## ਕੀ ਵਰਕ ਹੈਲਥ ਐਂਡ ਸੇਫ਼ਟੀ ਐਕਟ 2020 (WHS ਐਕਟ) ਅਧੀਨ ਸਵੈ-ਸੇਵੀ ਸੰਸਥਾਵਾਂ ਦੇ ਵੀ ਕੁੱਝ ਕਰਤੱਵ ਹਨ?

ਜੇਕਰ ਕੋਈ ਸਵੈ-ਸੇਵੀ ਸੰਸਥਾ (ਜਾਂ ਉਸਦੀ ਤਰਫੋਂ ਕੋਈ ਵਲੰਟੀਅਰ) ਘੱਟੋ-ਘੱਟ ਇੱਕ ਕਰਮਚਾਰੀ ਨੂੰ ਤਨਖ਼ਾਹ 'ਤੇ ਰੱਖਦੀ ਹੈ, ਤਾਂ ਇਹ ਉਸ ਸੰਸਥਾ ਨੂੰ WHS ਐਕਟ ਦੇ ਤਹਿਤ ਕਾਰੋਬਾਰ ਜਾਂ ਅੰਡਰਟੇਕਿੰਗ (PCBU) ਦਾ ਸੰਚਾਲਨ ਕਰਨ ਵਾਲਾ ਵਿਅਕਤੀ ਬਣਾਉਂਦਾ ਹੈ। ਇਸਦਾ ਮਤਲਬ ਹੈ ਕਿ ਇਸ WHS ਐਕਟ ਦੇ ਤਹਿਤ ਸਵੈ-ਸੇਵੀ ਸੰਸਥਾ, ਇਸਦੇ ਕਰਮਚਾਰੀਆਂ ਅਤੇ ਵਾਲੰਟੀਅਰਾਂ ਦੇ ਕੁੱਝ ਕਰਤੱਵ ਹਨ।

ਜਿੰਨਾ ਚਿਰ ਸਵੈ-ਸੇਵੀ ਸੰਸਥਾ, ਜਾਂ ਇਸਦੇ ਵਲੰਟੀਅਰਾਂ ਵਿੱਚੋਂ ਕੋਈ ਵੀ, ਕਿਸੇ ਕਰਮਚਾਰੀ ਨੂੰ ਤਨਖ਼ਾਹ 'ਤੇ ਨਹੀਂ ਰੱਖਦਾ ਹੈ, ਉਨ੍ਹਾਂ ਚਿਰ ਉਹ ਸਵੈ-ਸੇਵੀ ਸੰਸਥਾ PCBU ਨਹੀਂ ਹੈ। ਇਸਦਾ ਮਤਲਬ ਹੈ ਕਿ WHS ਐਕਟ ਲਾਗੂ ਨਹੀਂ ਹੁੰਦਾ ਹੈ। ਹਾਲਾਂਕਿ, ਕਿਉਂਕਿ ਵਲੰਟੀਅਰਾਂ ਨੂੰ ਲੋਕਾਂ ਅਤੇ ਸੰਸਥਾਵਾਂ ਦੁਆਰਾ ਦੇਖਭਾਲ ਦਾ ਇੱਕ ਆਮ ਕਰਤੱਵ ਦਿੱਤਾ ਜਾਂਦਾ ਹੈ ਜਿਨ੍ਹਾਂ ਦਾ ਉਹ ਸਮਰਥਨ ਕਰਦੇ ਹਨ, ਇਸ ਲਈ ਉਂਝ ਹੀ ਆਮ ਕਰਤੱਵਾਂ ਦੀ ਪਾਲਣਾ ਕਰਨਾ ਚੰਗੀ ਗੱਲ ਹੈ।

ਜੇਕਰ ਕਿਸੇ ਸੰਸਥਾ ਦੀ ਸੂਬਾ ਪੱਧਰੀ ਇਕਾਈ ਜਾਂ ਸਥਾਨਕ ਸਮੂਹ ਰਾਸ਼ਟਰੀ ਸੰਸਥਾ ਤੋਂ ਵੱਖਰਾ ਹੈ ਅਤੇ ਅਦਾਰੇ ਲਈ ਕੰਮ ਕਰਨ ਲਈ ਤਨਖ਼ਾਹ ਵਾਲੇ ਕਰਮਚਾਰੀਆਂ ਨੂੰ ਰੱਖਦਾ ਹੈ, ਤਾਂ ਇਸਨੂੰ PCBU ਮੰਨਿਆ ਜਾਵੇਗਾ ਅਤੇ ਇਸਦੇ WHS ਕਰਤੱਵ ਹਨ।

ਸਵੈ-ਸੇਵੀ ਸੰਸਥਾਵਾਂ ਜਿਨ੍ਹਾਂ ਦੀ *Occupational Safety and Health Act 1984* (ਕਿੱਤਾਮੁਖੀ ਸੁਰੱਖਿਆ ਅਤੇ ਸਿਹਤ ਐਕਟ 1984) ਦੇ ਅਧੀਨ ਕੋਈ ਡਿਊਟੀ ਸੀ, ਉਹ WHS ਐਕਟ ਦੇ ਤਹਿਤ ਉਹਨਾਂ ਦੀ ਡਿਊਟੀ ਨੂੰ ਕੋਈ ਬਹੁਤੀ ਵੱਖਰਾ ਨਹੀਂ ਪਾਉਣਗੇ, WHS ਐਕਟ ਸਿਹਤ ਅਤੇ ਸੁਰੱਖਿਆ ਕਰਤੱਵਾਂ ਅਤੇ ਜਵਾਬਦੇਹੀ ਬਾਰੇ ਸਪੱਸ਼ਟਤਾ ਪ੍ਰਦਾਨ ਕਰਦਾ ਹੈ।

## ਵਲੰਟੀਅਰ (ਸਵੈ-ਸੇਵੀ) ਕਿਸਨੂੰ ਮੰਨਿਆ ਜਾਂਦਾ ਹੈ?

ਵਲੰਟੀਅਰ (ਸਵੈ-ਸੇਵੀ) ਉਹ ਵਿਅਕਤੀ ਹੁੰਦਾ ਹੈ ਜੋ ਬਿਨਾਂ ਭੁਗਤਾਨ ਜਾਂ ਵਿੱਤੀ ਇਨਾਮ ਦੇ ਕਿਸੇ ਸੰਸਥਾ ਲਈ ਕੰਮ ਕਰਦਾ ਹੈ, ਪਰ ਆਪਣੀ ਜੇਬ ਤੋਂ ਕੀਤੇ ਖ਼ਰਚਿਆਂ, ਜਿਵੇਂ ਕਿ ਯਾਤਰਾ ਜਾਂ ਭੋਜਨ ਲਈ ਅਦਾਇਗੀ ਪ੍ਰਾਪਤ ਕਰ ਸਕਦਾ ਹੈ।

ਜੇਕਰ ਉਹ ਸਵੈ-ਸੇਵੀ ਸੰਸਥਾ ਇੱਕ PCBU ਹੈ, ਤਾਂ WHS ਐਕਟ ਦੇ ਤਹਿਤ ਵਾਲੰਟੀਅਰਾਂ ਨੂੰ 'ਵਰਕਰਾਂ' ਵਜੋਂ ਮੰਨਿਆ ਜਾਂਦਾ ਹੈ, ਅਤੇ PCBUs ਨੂੰ ਆਪਣੇ ਵਾਲੰਟੀਅਰਾਂ ਨੂੰ ਉਹੀ ਸੁਰੱਖਿਆ ਪ੍ਰਦਾਨ ਕਰਨੀ ਚਾਹੀਦੀ ਹੈ ਜਿਵੇਂ ਕਿ ਇਹ ਆਪਣੇ ਤਨਖ਼ਾਹ 'ਤੇ ਰੱਖੇ ਕਰਮਚਾਰੀਆਂ ਨੂੰ ਦਿੰਦੀ ਹੈ।

**ਸਵੈ-ਸੇਵੀ** + **ਭੁਗਤਾਨਸੁਦਾ ਕਰਮਚਾਰੀ** = ਸਵੈ-ਸੇਵੀ ਸੰਸਥਾ/ PCBU (ਪੀ ਸੀ ਬੀ ਯੂ)
WHS ਕਰਤੱਵ ਹਨ

**ਕੇਵਲ ਸਵੈ-ਸੇਵੀ** = ਸਵੈ-ਸੇਵੀ ਸੰਸਥਾ
WHS ਕਰਤੱਵ ਨਹੀਂ ਹਨ

## WHS ਦੁਆਰਾ ਕਿਹੜੀਆਂ ਗਤੀਵਿਧੀਆਂ ਕਵਰ ਕੀਤੀਆਂ ਜਾਂਦੀਆਂ ਹਨ?

WHS ਐਕਟ ਦੁਆਰਾ ਸਿਰਫ਼ ਕੰਮ ਦੀਆਂ ਗਤੀਵਿਧੀਆਂ ਕਵਰ ਕੀਤੀਆਂ ਜਾਂਦੀਆਂ ਹਨ। ਉਹ ਗਤੀਵਿਧੀਆਂ ਜੋ ਪੂਰੀ ਤਰ੍ਹਾਂ ਸੁਭਾਵਿਕ ਰੂਪ ਵਿੱਚ ਘਰੇਲੂ, ਸਮਾਜਿਕ, ਮਨੋਰੰਜਨ ਜਾਂ ਨਿੱਜੀ ਹਨ, ਇਸ ਵਿੱਚ ਸ਼ਾਮਲ ਨਹੀਂ ਕੀਤੀਆਂ ਗਈਆਂ ਹਨ। ਕਿਸੇ ਗਤੀਵਿਧੀ ਨੂੰ ਕੰਮ ਮੰਨਿਆ ਜਾਂਦਾ ਹੈ ਜਾਂ ਨਹੀਂ, ਇਹ ਵਿਸ਼ੇਸ਼ ਹਾਲਤਾਂ 'ਤੇ ਨਿਰਭਰ ਹੋ ਸਕਦਾ ਹੈ।

## ਇਸ ਸੰਸਥਾ ਦੇ WHS ਕਰਤੱਵ ਕੀ ਹਨ?

ਸਵੈ-ਸੇਵੀ ਸੰਸਥਾਵਾਂ ਜੋ ਕਿ ਇੱਕ PCBU ਹਨ, ਉਨ੍ਹਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਿੱਥੋਂ ਤੱਕ ਵਾਜਬ ਤੌਰ 'ਤੇ ਵਿਵਹਾਰਕ ਹੋਵੇ, ਇਸਦੇ ਕਾਮਿਆਂ ਅਤੇ ਵਲੰਟੀਅਰਾਂ ਦੇ ਨਾਲ-ਨਾਲ ਹੋਰਨਾਂ ਜਿਵੇਂ ਕਿ ਆਉਣ-ਜਾਣ ਵਾਲਿਆਂ ਅਤੇ ਜਨਤਾ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਇਸ WHS ਐਕਟ ਵਿੱਚ, ਸਿਹਤ ਦੇ ਮਤਲਬ ਵਿੱਚ ਮਨੋਵਿਗਿਆਨਕ ਅਤੇ ਸਰੀਰਕ ਸਿਹਤ ਸ਼ਾਮਲ ਹੈ। ਵਧੇਰੇ ਜਾਣਕਾਰੀ ਲਈ *'ਇਹ ਕਿਵੇਂ ਨਿਰਧਾਰਤ ਕਰਨਾ ਹੈ ਕਿ ਸਿਹਤ ਅਤੇ ਸੁਰੱਖਿਆ ਡਿਊਟੀ ਨੂੰ ਪੂਰਾ ਕਰਨ ਲਈ ਵਾਜਬ ਤੌਰ 'ਤੇ ਕੀ ਵਿਹਾਰਕ ਹੈ'* ਗਾਈਡ ਦੇਖੋ।

## ਸੰਸਥਾਵਾਂ ਨੂੰ ਕੰਮ ਵਾਲੀ ਥਾਂ ਦੀ ਸਿਹਤ ਅਤੇ ਸੁਰੱਖਿਆ ਦਾ ਪ੍ਰਬੰਧ ਕਿਵੇਂ ਕਰਨਾ ਚਾਹੀਦਾ ਹੈ?

ਇਹ WHS ਐਕਟ ਚਾਹੁੰਦਾ ਹੈ ਕਿ ਖ਼ਤਰਿਆਂ ਨੂੰ ਖ਼ਤਮ ਕੀਤਾ ਜਾਂ ਜ਼ੋਖਮਾਂ ਨੂੰ ਘੱਟ ਤੋਂ ਘੱਟ ਕੀਤਾ ਜਾਵੇ ਜਿੱਥੋਂ ਤੱਕ ਵਾਜਬ ਤੌਰ 'ਤੇ ਵਿਹਾਰਕ ਹੈ। ਸਿਹਤ ਅਤੇ ਸੁਰੱਖਿਆ ਜ਼ੋਖਮਾਂ ਨੂੰ ਖ਼ਤਮ ਕਰਨ ਜਾਂ ਘੱਟ ਕਰਨ ਦੀ ਇਸ ਪ੍ਰਕਿਰਿਆ ਨੂੰ ਜ਼ੋਖਮ ਪ੍ਰਬੰਧਨ ਕਿਹਾ ਜਾਂਦਾ ਹੈ ਅਤੇ ਇਸ ਵਿੱਚ ਚਾਰ ਕਦਮ ਸ਼ਾਮਲ ਹੁੰਦੇ ਹਨ:

1. **ਖ਼ਤਰਿਆਂ ਦੀ ਪਛਾਣ ਕਰੋ** - ਪਤਾ ਕਰੋ ਕਿ ਕੀ ਨੁਕਸਾਨ ਕਰ ਸਕਦਾ ਹੈ।
2. **ਜ਼ੋਖਮਾਂ ਦਾ ਮੁਲਾਂਕਣ ਕਰੋ** - ਕਿਸੇ ਖ਼ਤਰੇ ਕਾਰਨ ਹੋਣ ਵਾਲੇ ਨੁਕਸਾਨ ਦੀ ਪ੍ਰਕਿਰਤੀ ਨੂੰ ਸਮਝੋ, ਉਹ ਨੁਕਸਾਨ ਕਿੰਨਾ ਗੰਭੀਰ ਹੋ ਸਕਦਾ ਹੈ ਅਤੇ ਇਸ ਦੇ ਹੋਣ ਦੀ ਕਿੰਨੀ ਸੰਭਾਵਨਾ ਹੈ।
3. **ਇਨ੍ਹਾਂ ਜ਼ੋਖਮਾਂ ਨੂੰ ਕੰਟਰੋਲ ਕਰੋ** - ਸਭ ਤੋਂ ਵੱਧ ਪ੍ਰਭਾਵਸ਼ਾਲੀ ਕੰਟਰੋਲ ਉਪਾਅ ਲਾਗੂ ਕਰੋ ਜੋ ਕਿ ਇਨ੍ਹਾਂ ਹਾਲਾਤਾਂ ਵਿੱਚ ਵਾਜਬ ਤੌਰ 'ਤੇ ਵਿਹਾਰਕ ਹੈ।
4. **ਕੰਟਰੋਲ ਉਪਾਵਾਂ 'ਤੇ ਮੁੜ-ਨਜ਼ਰ ਮਾਰੋ** - ਇਹ ਯਕੀਨੀ ਬਣਾਉਣ ਲਈ ਕਿ ਉਹ ਯੋਜਨਾ ਅਨੁਸਾਰ ਕੰਮ ਕਰ ਰਹੇ ਹਨ

PCBU ਕੋਲ ਇਹ ਯਕੀਨੀ ਬਣਾਉਣ ਲਈ ਕੋਈ ਪ੍ਰਕਿਰਿਆ ਲਾਗੂ ਹੋਣੀ ਚਾਹੀਦੀ ਹੈ ਕਿ ਸਿਹਤ ਜਾਂ ਸੁਰੱਖਿਆ ਲਈ ਜ਼ੋਖਮਾਂ ਨੂੰ ਖ਼ਤਮ ਕਰਨ ਜਾਂ ਘੱਟ ਕਰਨ ਲਈ ਜ਼ੋਖਮ ਮੁਲਾਂਕਣ ਪੂਰਾ ਕੀਤਾ ਗਿਆ ਹੈ ਜਿੱਥੋਂ ਤੱਕ ਵਾਜਬ ਤੌਰ 'ਤੇ ਵਿਹਾਰਕ ਹੈ।

## ਅਫਸਰ ਕੌਣ ਹੁੰਦਾ ਹੈ ਅਤੇ ਉਹਨਾਂ ਦੇ ਕੀ ਕਰਤੱਵ ਹਨ?

ਮੋਟੇ ਤੌਰ 'ਤੇ, ਅਫ਼ਸਰ ਉਹ ਵਿਅਕਤੀ ਹੁੰਦਾ ਹੈ ਜੋ ਇਸ ਸੰਸਥਾ ਦੀਆਂ ਗਤੀਵਿਧੀਆਂ ਦੇ ਪੂਰੇ, ਜਾਂ ਇੱਕ ਮਹੱਤਵਪੂਰਨ ਹਿੱਸੇ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲੇ ਲੈਂਦਾ ਹੈ ਜਾਂ ਲੈਣ ਵਿੱਚ ਹਿੱਸਾ ਲੈਂਦਾ ਹੈ। PCBU ਉੱਤੇ ਕਿਸੇ ਵਿਅਕਤੀ ਦਾ ਪ੍ਰਭਾਵ ਅਤੇ ਕੰਟਰੋਲ ਉਹ ਚੀਜ਼ ਹੈ ਜੋ ਇਹ ਨਿਰਧਾਰਤ ਕਰਦਾ ਹੈ ਕਿ ਕੀ ਉਹਨਾਂ ਨੂੰ ਇੱਕ ਅਫ਼ਸਰ ਮੰਨਿਆ ਜਾਂਦਾ ਹੈ ਜਾਂ ਨਹੀਂ। ਹੋ ਸਕਦਾ ਹੈ ਕਿ ਬੋਰਡ ਮੈਂਬਰ ਅਤੇ ਕਮੇਟੀਆਂ ਦੇ ਮੈਂਬਰ ਅਫ਼ਸਰ ਹੋਣ - ਇਹ ਉਹਨਾਂ ਦੀ ਭੂਮਿਕਾ ਅਤੇ ਪ੍ਰਭਾਵ 'ਤੇ ਨਿਰਭਰ ਕਰੇਗਾ।

PCBU ਦੇ ਅਫ਼ਸਰ ਦੀਆਂ ਡਿਊਟੀਆਂ ਹਨ ਜੋ WHS ਐਕਟ ਵਿੱਚ ਨੁਕਸਾਨ ਹੋਣ ਤੋਂ ਬਚਾਉਣ ਲਈ ਪੂਰਾ ਧਿਆਨ ਰੱਖਣ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ (due diligence obligations) ਵਜੋਂ ਜਾਣੀਆਂ ਜਾਂਦੀਆਂ ਹਨ। ਇਸ ਦਾ ਮਤਲਬ ਹੈ ਕਿ ਅਫ਼ਸਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੰਸਥਾ ਕੋਲ ਕੰਮ ਕਰਨ ਦੀਆਂ ਉਚਿਤ ਪ੍ਰਣਾਲੀਆਂ ਹਨ ਅਤੇ ਉਨ੍ਹਾਂ ਨੂੰ ਲਾਜ਼ਮੀ ਇਸ ਸੰਸਥਾ ਅੰਦਰ ਸਿਹਤ ਅਤੇ ਸੁਰੱਖਿਆ ਪ੍ਰਬੰਧਨ ਦੀ ਸਰਗਰਮੀ ਨਾਲ ਨਿਗਰਾਨੀ ਅਤੇ ਮੁਲਾਂਕਣ ਕਰਨਾ ਚਾਹੀਦਾ ਹੈ।

PCBU ਲਈ ਕੋਈ ਵਲੰਟੀਅਰ WHS ਡਿਊਟੀਆਂ ਵਾਲਾ ਕੋਈ ਅਫ਼ਸਰ ਵੀ ਹੋ ਸਕਦਾ ਹੈ, ਜੇਕਰ ਉਹ ਉਸ ਸੰਸਥਾ ਨੂੰ ਮਹੱਤਵਪੂਰਨ ਤੌਰ 'ਤੇ ਪ੍ਰਭਾਵਿਤ ਕਰਨ ਵਾਲੇ ਫ਼ੈਸਲੇ ਲੈਂਦੇ ਹਨ ਜਾਂ ਫ਼ੈਸਲਾ ਲੈਣ ਵਿੱਚ ਹਿੱਸਾ ਲੈਂਦੇ ਹਨ, ਉਦਾਹਰਨ ਲਈ ਜੇਕਰ ਉਹ ਕਿਸੇ ਬੋਰਡ ਜਾਂ ਕਮੇਟੀ ਦੇ ਮੈਂਬਰ ਹਨ ਜੋ PCBU ਦੀ ਨਿਗਰਾਨੀ ਅਤੇ ਮਾਰਗਦਰਸ਼ਨ ਕਰਦੀ ਹੈ।

ਉਹ ਅਫ਼ਸਰ ਜੋ ਵਲੰਟੀਅਰ ਨਹੀਂ ਹਨ, 'ਤੇ WHS ਐਕਟ ਦੇ ਅਧੀਨ ਤਨਦੇਹੀ ਨਾਲ ਡਿਊਟੀ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿਣ ਲਈ ਮੁਕੱਦਮਾ ਚਲਾਇਆ ਜਾ ਸਕਦਾ ਹੈ। ਉਹ ਅਧਿਕਾਰੀ ਜੋ PCBU ਦੇ ਵਲੰਟੀਅਰ ਹੁੰਦੇ ਹਨ, ਜੇਕਰ ਉਹ ਆਪਣੀ ਡਿਊਟੀ ਦੀ ਤਨਦੇਹੀ ਨਾਲ ਪਾਲਣਾ ਨਹੀਂ ਕਰਦੇ ਹਨ ਤਾਂ ਉਹ ਕੋਈ ਅਪਰਾਧ ਨਹੀਂ ਕਰਦੇ ਹਨ।

## ਇੱਕ ਵਲੰਟੀਅਰ ਦੀਆਂ WHS ਡਿਊਟੀਆਂ ਕੀ ਹਨ?

PCBU ਦੇ ਵਲੰਟੀਅਰਾਂ ਦੀਆਂ ਕਰਮਚਾਰੀਆਂ ਦੇ ਤੌਰ 'ਤੇ ਦੀਆਂ ਡਿਊਟੀਆਂ ਹਨ ਕਿ ਉਹ  ਆਪਣੀ ਸਿਹਤ ਅਤੇ ਸੁਰੱਖਿਆ ਲਈ ਉਚਿਤ ਦੇਖਭਾਲ ਕਰਨ, ਅਤੇ ਇਹ ਯਕੀਨੀ ਬਣਾਉਣ ਕਿ ਉਹਨਾਂ ਦੇ ਕੰਮ ਜਾਂ ਭੁੱਲ ਦੂਜਿਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਪ੍ਰਭਾਵਿਤ ਨਹੀਂ ਕਰਦੇ ਹਨ। ਇਸ ਵਿੱਚ WHS ਨਾਲ ਸੰਬੰਧਿਤ PCBU ਦੀਆਂ ਢੁੱਕਵੀਆਂ ਹਦਾਇਤਾਂ ਦੀ ਪਾਲਣਾ ਕਰਨਾ, ਅਤੇ ਸਿਹਤ ਅਤੇ ਸੁਰੱਖਿਆ ਦੇ ਮਾਮਲਿਆਂ ਦੇ ਸੰਬੰਧ ਵਿੱਚ ਕਿਸੇ ਵੀ ਵਾਜਬ ਨੀਤੀਆਂ ਜਾਂ ਪ੍ਰਕਿਰਿਆਵਾਂ ਵਿੱਚ ਸਹਿਯੋਗ ਕਰਨਾ ਸ਼ਾਮਲ ਹੈ।

ਇਹਨਾਂ ਕਾਮਿਆਂ ਦੀਆਂ ਡਿਊਟੀਆਂ ਦੀ ਉਲੰਘਣਾ ਕਰਨ ਨਾਲ ਸੰਬੰਧਿਤ ਸੀਮਤ ਅਪਰਾਧ ਹਨ। ਵਾਲੰਟੀਅਰ WHS ਐਕਟ ਦੇ ਕਿਸੇ ਹੋਰ ਹਿੱਸੇ ਦੀ ਉਲੰਘਣਾ ਕਰਨ ਲਈ ਕੋਈ ਅਪਰਾਧ ਨਹੀਂ ਕਰਦੇ ਹਨ।

## ਜੇਕਰ ਕਿਸੇ ਘਟਨਾ ਵਿੱਚ ਵੱਖ-ਵੱਖ ਸੰਸਥਾਵਾਂ ਦੇ ਬਹੁਤ ਸਾਰੇ ਵਲੰਟੀਅਰ ਸ਼ਾਮਲ ਹੁੰਦੇ ਹਨ ਤਾਂ ਡਿਊਟੀਆਂ ਕਿਸ ਦੀਆਂ ਹੁੰਦੀਆਂ ਹਨ?

ਘਟਨਾ ਸਥਾਨ 'ਤੇ ਨੁਮਾਇੰਦਗੀ ਕਰਨ ਵਾਲੇ ਹਰੇਕ PCBU ਦਾ ਫਰਜ਼ ਹੈ ਕਿ ਉਹ ਆਪਣੇ ਕਾਮਿਆਂ ਅਤੇ ਵਲੰਟੀਅਰਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ, ਜਿੱਥੋਂ ਤੱਕ ਵਾਜਬ ਤੌਰ 'ਤੇ ਵਿਹਾਰਕ ਹੈ।

ਕਾਮਿਆਂ ਅਤੇ ਵਲੰਟੀਅਰਾਂ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ, ਜਿੱਥੋਂ ਤੱਕ ਵਾਜਬ ਤੌਰ 'ਤੇ ਵਿਵਹਾਰਕ ਹੈ, ਕਿ ਉਨ੍ਹਾਂ ਦੀਆਂ ਗਤੀਵਿਧੀਆਂ ਦੂਜਿਆਂ ਨੂੰ ਬੇਲੋੜੇ ਜ਼ੋਖਮ ਵਿੱਚ ਨਾ ਪਾਉਣ।

ਵਧੇਰੇ ਵਿਸਥਾਰ ਪੂਰਵਕ ਜਾਣਕਾਰੀ ਲਈ *ਸਵੈ-ਸੇਵੀ ਸੰਸਥਾਵਾਂ ਲਈ ਵਰਕ ਹੈਲਥ ਐਂਡ ਸੇਫ਼ਟੀ ਗਾਈਡ* ਦੇਖੋ।

ਇਹ ਇੱਕ ਛੋਟੀ ਗਾਈਡ ਹੈ। ਨੌਕਰੀ ਧਾਰਕਾਂ ਨੂੰ ਕਰਤੱਵਾਂ ਅਤੇ ਜ਼ਿੰਮੇਵਾਰੀਆਂ ਦੀ ਪੂਰੀ ਸਮਝ ਲਈ ਵਰਕ ਹੈਲਥ ਐਂਡ *ਸੇਫਟੀ ਐਕਟ 2020* ਅਤੇ ਸੰਬੰਧਿਤ ਨਿਯਮਾਂ ਦਾ ਹਵਾਲਾ ਦੇਣਾ ਚਾਹੀਦਾ ਹੈ।

WSMay22_1145